# बाबा जी दी शोभा

ਬਾਬਾ ਜੀ ਦੀ, ਸ਼ੋਭਾ ਜੋ, ਸਵੇਰੇ ਉੱਠ ਗਾਣਗੇ ॥
ਮੰਗੀਆਂ, ਮੁਰਾਦਾਂ ਓਹ ਤਾਂ, ਬਾਬੇ ਕੋਲੋਂ ਪਾਣਗੇ*,,,
ਬਾਬਾ ਜੀ ਦੀ, ਸ਼ੋਭਾ ਜੋ, ਸਵੇਰੇ ਉੱਠ ਗਾਣਗੇ ॥
( ਜੀ )
ਸੌਂਪ ਦਿੱਤੀ, ਜਿੰਦ ਜੀਹਨੇ, "ਬਾਬਾ ਪੌਣਾਹਾਰੀ ਨੂੰ" ।
ਆਪਣਾ, ਬਣਾਇਆ ਜੀਹਨੇ, "ਜੋਗੀ ਦੁੱਧਾਧਾਰੀ ਨੂੰ" ॥
ਚੱਕਰ, ਚੌਰਾਸੀ ਵਾਲੇ, ਆਪੇ ਕੱਟੇ ਜਾਣਗੇ*,,,
ਬਾਬਾ ਜੀ ਦੀ, ਸ਼ੋਭਾ ਜੋ,,,,,,,,,,,,,,,,,,,,,,,,
( ਜੀ )
ਜੋਗੀ ਦੇ, ਦਵਾਰੇ ਉੱਤੇ, "ਡੇਰਾ ਜੀਹਨੇ ਲਾ ਲਿਆ" ।
ਜੱਗ ਵਿੱਚ, ਜੀਵਨ ਓਹਨੇ, "ਸਫ਼ਲ ਬਣਾ ਲਿਆ" ॥
ਗੀਤ, ਓਸ ਆਦਮੀ ਦੇ, ਸਾਰੇ ਫ਼ਿਰ ਜਾਣਗੇ*,,,
ਬਾਬਾ ਜੀ ਦੀ, ਸ਼ੋਭਾ ਜੋ,,,,,,,,,,,,,,,,,,,,,,,,
( ਜੀ )
ਭਗਤਾਂ ਦਾ, ਕੰਮ ਸਦਾ, "ਦੁੱਖੜੇ ਸਹਾਰਨਾ" ।
ਸੁਪਨੇ ਦੇ, ਵਿੱਚ ਵੀ ਨਾ, "ਬਾਬੇ ਨੂੰ ਬਿਸਾਰਨਾ" ॥
ਭਵ, ਸਾਗਰ ਵਿੱਚੋਂ, ਆਪੇ ਤਰ ਜਾਣਗੇ*,,,
ਬਾਬਾ ਜੀ ਦੀ, ਸ਼ੋਭਾ ਜੋ,,,,,,,,,,,,,,,,,,,,,,,,
( ਜੀ )
ਦੁਨੀਆਂ, ਦੇ ਵਿੱਚ ਤੇਰਾ, "ਮਨ ਕਿਓਂ ਹੈ ਡੋਲ੍ਹਦਾ" ।
ਮੋਹ ਵਾਲੇ, ਜਾਲ ਅੰਦਰ, "ਕਾਇਆ ਕਿਓਂ ਤੂੰ ਰੋਲ਼ਦਾ" ॥
ਕੈਲਾਸ਼, ਨਾਥ ਵਾਂਗੂ ਤੇਰੀ, ਲਾਜ਼ ਓਹ ਬਚਾਉਣਗੇ*,,,
ਬਾਬਾ ਜੀ ਦੀ, ਸ਼ੋਭਾ ਜੋ,,,,,,,,,,,,,,,,,,,,,,,,

ਅਪਲੋਡਰ- ਅਨਿਰਾਮੁਰਤੀਭੋਪਾਲ

https://bhajanganga.com/bhajan/lyrics/id/27390/title/baba-ji-di-shobha

अपने Android मोबाइल पर BhajanGanga App डाउनलोड करें और भजनों का आनंद ले |